MINISTRY USE ONLY

MINISTRY USE ONLY

Place Personal Education Number (PEN) here.

Place Personal Education Number (PEN) here.

MINISTRY USE ONLY

BRITISH COLUMBIA

© 2001 Ministry of Education

# Punjabi 12

## JUNE 2001

## Course Code = PUN

## Student Instructions

1. Place the stickers with your Personal Education Number (PEN) in the allotted spaces above. **Under no circumstance is your name or identification, other than your Personal Education Number, to appear on this booklet.**
2. Ensure that in addition to this examination booklet, you have an **Examination Response Form**. Follow the directions on the front of the Response Form.
3. **Disqualification** from the examination will result if you bring books, paper, notes or unauthorized electronic devices into the examination room.
4. When instructed to open this booklet, **check the numbering of the pages** to ensure that they are numbered in sequence from page one to the last page, which is identified by

   **END OF EXAMINATION** .
5. At the end of the examination, place your Response Form inside the front cover of this booklet and return the booklet and your Response Form to the supervisor.

Question 1:

1. ☐☐ . ☐

(10)

Question 2:

2. ☐ . ☐

(5)

Question 3:

3. ☐ . ☐

(5)

Question 4:

4. ☐ . ☐

(5)

Question 5:

5. ☐ . ☐

(5)

Question 6:

6. ☐☐ . ☐

(10)

Question 7:

7. ☐☐ . ☐

(10)

Question 8:

8. ☐☐ . ☐

(10)

# PUNJABI 12

## JUNE 2001

COURSE CODE = PUN

# GENERAL INSTRUCTIONS

1. Electronic devices, including dictionaries and pagers, are **not** permitted in the examination room.

2. All multiple-choice answers must be entered on the Response Form using an **HB pencil**. Multiple-choice answers entered in this examination booklet will **not** be marked.

   There is a number on the Response Form for each multiple-choice question in this examination booklet. When you answer each question, make sure that the number on the Response Form is the same as the number in this examination booklet.

3. For each of the written-response questions, write your answer in **ink** in the space provided in this booklet.

4. Ensure that you use language and content appropriate to the purpose and audience of this examination. Failure to comply may result in your paper being awarded a zero.

5. This examination is designed to be completed in **two hours**. *Students may, however, take up to 30 minutes of additional time to finish*.

# PUNJABI 12 PROVINCIAL EXAMINATION

This examination consists of **four** parts:

| | | **Value** | **Suggested Time** |
|---|---|---|---|
| PART A: | Interpersonal Communication – Language Elements | | |
| | Section 1: Language Elements A | 10 | 5 |
| | Section 2: Language Elements B | 10 | 10 |
| PART B: | Creative Written Works | | |
| | Section 3: Fiction (Prose) | 10 | 20 |
| | Section 4: Fiction (Drama) | 10 | 15 |
| PART C: | Informational Communication | | |
| | Section 5: Non-Fiction (Journalistic Prose) | 10 | 20 |
| | Section 6: Non-Fiction (Authentic Documents) | 10 | 20 |
| PART D: | Interpersonal Communication – Written Expression | | |
| | Section 7: Dialogue Completion | 10 | 10 |
| | Section 8: Letter | 10 | 10 |
| | Section 9: Map Directions | 10 | 10 |
| | **Total:** | **90 marks** | **120 minutes** |

**THIS PAGE INTENTIONALLY BLANK**

## PART A: INTERPERSONAL COMMUNICATION – LANGUAGE ELEMENTS

## SECTION 1: LANGUAGE ELEMENTS A

**Value: 10 marks** **Suggested Time: 5 minutes**

| | |
|---|---|
| **INSTRUCTIONS:** | For questions 1 to 10, select the answer that **best** completes the sentence and record your choice on the Response Form provided. Using an HB pencil, completely fill in the circle that has the letter corresponding to your answer. |

1. ਅਸੀਂ ਸਕੂਲ ਜਾਂਦੇ ___________ ।

   A. ਹੈ
   B. ਹੋ
   C. ਹਾਂ
   D. ਹਨ

2. ਉਸ ਦੇ ਕਪੜੇ ਮਿੱਟੀ ਨਾਲ ___________ ਹੋਏ ਸਨ ।

   A. ਰਗੜੋ
   B. ਲਿਬੜੇ
   C. ਲਿਬੜਿਆ
   D. ਲਿਬੜਨਗੇ

3. ___________ ਹਮੇਸ਼ਾਂ ਆਪਣੇ ਦੁਆਲੇ ਮਹਿਕ ਖਿਲਾਰਦਾ ਹੈ ।

   A. ਫੁੱਲ
   B. ਕਪੜੇ
   C. ਸਬਜ਼ੀ
   D. ਕਾਗਜ਼

4. ਕੀ ਛੁੱਟੀ ___________ ਘੰਟੀ ਵੱਜ ਗਈ ਹੈ ?

   A. ਨੂੰ
   B. ਦੀ
   C. ਦਾ
   D. ਵਾਲਾ

**OVER**

5. ਸਮੇਂ ਦੀ ਕਦਰ ਕਰਨਾ ਸਾਡਾ __________ ਹੈ ।

A. ਲੋੜ
B. ਫਰਜ਼
C. ਜ਼ਰੂਰਤ
D. ਜ਼ਿੰਮੇਵਾਰੀ

6. ਇਹ ਬੀਬੀ __________ ਸਾਲਾਂ ਦੀ ਹੈ ।

A. ਅੱਸੀ
B. ਐਸੀ
C. ਅਸਾਂ
D. ਅਸੀਂ

7. ਉਸਨੇ ਕਿਹਾ __________ ਇਹ ਕਹਾਣੀ ਬਹੁਤ ਚੰਗੀ ਹੈ ।

A. ਕੇ
B. ਕੁ
C. ਕਿ
D. ਕੀ

8. ਬਹੁਤ ਥੱਕੇ ਹੋਏ ਹੋਣ ਕਰਕੇ ਅਸੀਂ ਕੋਈ ਵੀ ਕੰਮ ਕਰਨ ਤੋਂ __________ ਸਾਂ ।

A. ਯੋਗ
B. ਸਮਰਥ
C. ਤਿਆਰ
D. ਅਸਮਰਥ

9. ਸਟੈਫੀ ਗਰਾਫ ਨੇ ਟੈਨਿਸ ਨੂੰ __________ ਕਹਿ ਦਿੱਤਾ ਹੈ ।

A. ਪ੍ਰਸਿਧ
B. ਸੁਆਗਤ
C. ਮੁਕਾਬਲਾ
D. ਅਲਵਿਦਾ

10. ਮੈਂ ਅੱਜ ਇੱਕ ਵਰਕਸ਼ਾਪ __________ ਜਾਣਾ ਹੈ ।

A. ਤੇ
B. ਤੋਂ
C. ਉੱਤੇ
D. ਲੈਣਾ

## SECTION 2: LANGUAGE ELEMENTS B

**Value: 10 marks** **Suggested Time: 10 minutes**

**INSTRUCTIONS:** Read the following passage carefully. Fill in each of the blanks with an appropriate word or phrase in **Punjabi** that is consistent with the context of the passage. In order to provide you with freedom of expression, most blanks have at least two correct responses.

### ਮਿੱਤਰਤਾ

ਮਿੱਤਰ ਉਹ ਜੋ ਮੁਸੀਬਤ ਵੇਲੇ ਕੰਮ ਆਵੇ। ਇਹ ਗੱਲ ਬਹੁਤ ਵਾਰ ਕਹੀ ਜਾਂਦੀ ਹੈ। ਵੱਖ ਵੱਖ ਲੋਕ ਇਸ ਗੱਲ ਨੂੰ ਵੱਖ ਵੱਖ ________ (1a) ਨਾਲ ਕਹਿੰਦੇ ਹਨ। ਪਰ ਇਹ ਗੱਲ ਹੈ ਬਹੁਤ ਸੱਚੀ। ਲੱਗਭੱਗ (approximately) ਹਰ ਇਨਸਾਨ ਦੀ ਜ਼ਿੰਦਗੀ ਵਿੱਚ ਘੱਟ ਤੋਂ ਘੱਟ ਇੱਕ ਵਾਰ ਜ਼ਰੂਰ ਇਹੋ ਜਿਹਾ ________ (1b) ਆਉਂਦਾ ਹੈ ਜਦੋਂ ਉਸਨੂੰ ਮਿੱਤਰਾਂ ਦੀ ਜ਼ਰੂਰਤ ਪੈਂਦੀ ਹੈ। ਇਹੀ ਸਮਾਂ ਹੁੰਦਾ ਹੈ ਜਦੋਂ ਸੱਚੇ ਤੇ ਕੱਚੇ ਮਿੱਤਰਾਂ ਦੀ ਪਹਿਚਾਣ (distinction) ਹੋ ________ (1c) ਹੈ। ਕੁਝ ਮਿੱਤਰ ਖੁਸ਼ੀ ਵੇਲੇ ਤਾਂ ਹਮੇਸ਼ਾਂ ਤੁਹਾਡੇ ਨਾਲ ________ (1d) ਹਨ ਪਰ ਔਖੇ ਵੇਲੇ ਰਫੂ-ਚੱਕਰ (disappear) ਹੋ ਜਾਂਦੇ ਹਨ। ਜਿਹੜੇ ਮਿੱਤਰ ਔਖੇ ਵੇਲੇ ਸਾਡਾ ਸਾਥ ਦੇਣ ਸਾਨੂੰ ਹਮੇਸ਼ਾਂ ਉਨ੍ਹਾਂ ਤੇ ________ (1e) ਰਹਿੰਦਾ ਹੈ। ਜਿਹੜੇ ਮੁਸੀਬਤ ਵੇਲੇ ਸਾਥ ਛੱਡ ਜਾਣ, ਬਹਾਨੇ (excuses) ਬਣਾਉਣ, ਬਾਅਦ ਵਿੱਚ ਉਨ੍ਹਾਂ ਨਾਲ ਮਿਲਣ ________ (1f) ਸਾਡਾ ਕਦੀ ਦਿਲ ਨਹੀਂ ਕਰਦਾ। ਇਸ ਲਈ, ਸਾਨੂੰ ਮਿੱਤਰਾਂ ਦੀ ਚੋਣ ਹਮੇਸ਼ਾਂ ਬਹੁਤ ਸੋਚ ਸਮਝ ________ (1g) ਕਰਨੀ ਚਾਹੀਦੀ ਹੈ।

ਪਰ ਸੁਆਲ ਇਹ ਉੱਠਦਾ ਹੈ ਕਿ ________ (1h) ਮਿੱਤਰ ਲੱਭੇ ਕਿਥੋਂ ਜਾਣ। ਚੰਗਾ ਮਿੱਤਰ ਬਣਾਉਣ ਲਈ ਚੰਗਾ ਮਿੱਤਰ ਬਣਨਾ ਵੀ ________ (1i) ਹੈ। ਸਾਨੂੰ ਆਪ ਵੀ ________ (1j) ਦੇ ਕੰਮ ਆਉਣਾ ਚਾਹੀਦਾ ਹੈ। ਇਸ ਤਰ੍ਹਾਂ ਦੂਜੇ ਵੀ ਸਾਨੂੰ ਆਪਣਾ ਮਿੱਤਰ ਸਮਝਣਗੇ। ਇੱਕ ਦੂਜੇ ਨਾਲ ਹੱਸਣ ਖੇਡਣ ਅਤੇ ਇੱਕ ਦੂਜੇ ਦੀ ਜ਼ਰੂਰਤ ਦਾ ਧਿਆਨ ਰੱਖਣ ਦਾ ਨਾਮ ਹੀ ਮਿੱਤਰਤਾ ਹੈ।

OVER

## PART B: CREATIVE WRITTEN WORKS

## SECTION 3: FICTION (PROSE)

**Value: 10 marks** **Suggested Time: 20 minutes**

**INSTRUCTIONS:** Read the following passage carefully. For questions 11 to 15, select the **best** answer and record your choice on the Response Form provided.

ਇੱਕ ਪਿੰਡ ਵਿੱਚ ਦੋ ਦੋਸਤ ਰਹਿੰਦੇ ਸਨ । ਇੱਕ ਸੋਨੇ ਦਾ ਵਪਾਰੀ ਸੀ ਅਤੇ ਦੂਸਰਾ ਖੇਤੀ ਦੇ ਨਾਲ ਨਾਲ ਮੱਝਾਂ ਤੇ ਘੋੜਿਆਂ ਦਾ ਵਪਾਰ ਵੀ ਕਰਦਾ ਸੀ । ਦੋਵੇਂ ਇੱਕ ਦੂਜੇ ਤੇ ਬਹੁਤ ਭਰੋਸਾ (trust) ਕਰਦੇ ਸਨ । ਦੋਨੋਂ ਲੋੜ ਸਮੇਂ ਇੱਕ ਦੂਜੇ ਦੀ ਮਦਦ ਵੀ ਕਰਦੇ ਸਨ ।

ਇੱਕ ਵਾਰ ਦੀ ਗੱਲ ਹੈ ਕਿ ਸੋਨੇ ਦੇ ਵਪਾਰੀ ਨੂੰ ਕਿਸੇ ਕੰਮ ਲਈ ਸ਼ਹਿਰ ਜਾਣਾ ਪੈ ਗਿਆ । ਉਸਨੇ ਸੋਨਾ ਆਪਣੇ ਘਰ ਰੱਖ ਕੇ ਜਾਣਾ ਠੀਕ ਨਾ ਸਮਝਿਆ । ਉਸਨੇ ਆਪਣੇ ਮਿੱਤਰ ਕਿਸਾਨ ਨੂੰ ਕਿਹਾ, “ਮਿੱਤਰ, ਮੈਂ ਸ਼ਹਿਰ ਜਾ ਰਿਹਾ ਹਾਂ । ਉਥੇ ਕੁਝ ਦਿਨ ਲੱਗ ਜਾਣਗੇ । ਮੈਂ ਆਪਣਾ ਸੋਨਾ ਤੇਰੇ ਪਾਸ ਰੱਖ ਕੇ ਜਾ ਰਿਹਾ ਹਾਂ । ਵਾਪਸ ਆ ਕੇ ਲੈ ਲਵਾਂਗਾ ।”

ਸ਼ਹਿਰ ਜਾਣ ਤੋਂ ਪਹਿਲਾਂ ਵਪਾਰੀ ਨੇ ਆਪਣਾ ਸਾਰਾ ਸੋਨਾ ਇੱਕ ਲੋਹੇ ਦੇ ਡੱਬੇ ਵਿੱਚ ਪਾ ਕੇ ਤਾਲਾ ਲਾ ਦਿੱਤਾ । ਅਗਲੇ ਦਿਨ ਸਵੇਰੇ ਸਵੇਰੇ ਡੱਬਾ ਕਿਸਾਨ ਨੂੰ ਫੜਾ ਕੇ ਉਹ ਸ਼ਹਿਰ ਚਲਾ ਗਿਆ । ਰਾਤ ਨੂੰ ਕਿਸਾਨ ਨੇ ਡੱਬਾ ਚੁੱਕਿਆ । ਡੱਬਾ ਉਸਨੂੰ ਕਾਫੀ ਭਾਰਾ ਲੱਗਿਆ । ਉਸਦੇ ਮਨ ਵਿੱਚ ਲਾਲਚ ਆ ਗਿਆ । ਉਸਨੇ ਤਾਲਾ ਤੋੜ ਲਿਆ ਅਤੇ ਸਾਰਾ ਸੋਨਾ ਚੁਰਾ ਲਿਆ ।ਕੁਝ ਦਿਨਾਂ ਬਾਅਦ ਸੋਨੇ ਦਾ ਵਪਾਰੀ ਵਾਪਸ ਆਇਆ । ਉਸਨੇ ਆਪਣੇ ਮਿੱਤਰ, ਕਿਸਾਨ, ਕੋਲੋਂ ਆਪਣਾ ਡੱਬਾ ਮੰਗਿਆ । ਕਿਸਾਨ ਨੇ ਦੋਸਤ ਨੂੰ ਬੜਾ ਉਦਾਸ ਜਿਹਾ ਮੂੰਹ ਬਣਾ ਕਿ ਕਿਹਾ, “ਦੋਸਤ, ਬੜੀ ਮਾੜੀ ਖ਼ਬਰ ਹੈ । ਤੇਰਾ ਡੱਬਾ ਤਾਂ ਚੂਹੇ ਲੈ ਗਏ ਹਨ ।” ਵਿਚਾਰਾ ਵਪਾਰੀ ਨਿੰਮੋਝੂਣਾ (disappoint) ਹੋ ਕੇ ਵਾਪਸ ਘਰ ਆ ਗਿਆ ।

ਅਗਲੇ ਦਿਨ ਉਸਨੇ ਕਿਸਾਨ ਕੋਲੋਂ ਘੋੜਾ ਮੰਗਿਆ ਕਿਉਂਕਿ ਉਸਨੇ ਲਾਗਲੀ (nearby) ਨਦੀ ਤੇ ਨਹਾਉਣ ਜਾਣਾ ਸੀ । ਉਹ ਘੋੜੇ ਤੇ ਚੜ੍ਹਿਆ ਹੀ ਸੀ ਕਿ ਕਿਸਾਨ ਦਾ ਮੁੰਡਾ ਨਾਲ ਜਾਣ ਦੀ ਜ਼ਿੱਦ ਕਰਨ ਲੱਗਾ । ਉਸਨੇ ਬੱਚੇ ਨੂੰ ਆਪਣੇ ਪਿੱਛੇ ਬਿਠਾ ਲਿਆ ਅਤੇ ਨਦੀ ਵੱਲ ਚਲਾ ਗਿਆ । ਜਦੋਂ ਉਹ ਨਦੀ ਤੋਂ ਵਾਪਸ ਆਇਆ ਤਾਂ ਬੱਚਾ ਉਸਦੇ ਨਾਲ ਨਹੀਂ ਸੀ । ਕਿਸਾਨ ਨੇ ਪੁੱਛਿਆ, “ਮੇਰਾ ਪੁੱਤਰ ਕਿੱਥੇ ਹੈ ?” ਸੋਨੇ ਦੇ ਵਪਾਰੀ ਨੇ ਕਿਹਾ, “ਦੋਸਤ, ਬੜੇ ਅਫਸੋਸ ਦੀ ਗੱਲ ਹੈ ਪਰ ਉਸਨੂੰ ਇੱਕ ਇੱਲ ਚੁੱਕ ਕੇ ਲੈ ਗਈ ਹੈ ।” ਕਿਸਾਨ ਨੇ ਹੈਰਾਨ ਹੋ ਕੇ ਪੁੱਛਿਆ ,“ਦੱਸਾਂ ਸਾਲਾਂ ਦੇ ਬੱਚੇ ਨੂੰ ਇੱਲ ਕਿਵੇਂ ਚੁੱਕ ਕੇ ਲੈ ਜਾ ਸਕਦੀ ਹੈ ?” ਸੋਨੇ ਦੇ ਵਪਾਰੀ ਨੇ ਕਿਹਾ, “ਜੇ ਚੂਹੇ ਸੋਨਾ ਚੁਰਾ ਸਕਦੇ ਹਨ ਤਾਂ ਇੱਲ ਵੀ ਬੱਚੇ ਨੂੰ ਲਿਜਾ ਸਕਦੀ ਹੈ ।” ਕਿਸਾਨ ਬੜਾ ਸ਼ਰਮਿੰਦਾ ਹੋਇਆ । ਉਸਨੇ ਸੋਨੇ ਦਾ ਡੱਬਾ ਵਾਪਸ ਕਰ ਦਿੱਤਾ । ਸੋਨੇ ਦੇ ਵਪਾਰੀ ਨੇ ਉਸਦਾ ਬੱਚਾ ਉਸਨੂੰ ਵਾਪਸ ਕਰ ਦਿੱਤਾ ।

11. ਕਿਸਾਨ ਖੇਤੀ ਤੋਂ ਇਲਾਵਾ ਹੋਰ ਕੀ ਕੰਮ ਕਰਦਾ ਸੀ ?

A. ਘੋੜੇ ਵੇਚਦਾ ਸੀ
B. ਸੋਨਾ ਵੇਚਦਾ ਸੀ
C. ਘੋੜੇ ਅਤੇ ਮੱਝਾਂ ਵੇਚਦਾ ਸੀ
D. ਲੋਹੇ ਦੇ ਡੱਬੇ ਬਣਾਉਂਦਾ ਸੀ

12. ਸੋਨੇ ਦੇ ਵਪਾਰੀ ਨੇ ਸ਼ਹਿਰ ਜਾਣ ਤੋਂ ਪਹਿਲਾਂ ਆਪਣੇ ਦੋਸਤ ਕੋਲ ਕੀ ਰੱਖਿਆ ?

A. ਸੋਨੇ ਦਾ ਡੱਬਾ, ਲੋਹੇ ਨਾਲ ਭਰਕੇ
B. ਲੋਹੇ ਦਾ ਡੱਬਾ, ਸੋਨੇ ਨਾਲ ਭਰਕੇ
C. ਲੱਕੜ ਦਾ ਡੱਬਾ, ਲੋਹੇ ਨਾਲ ਭਰਕੇ
D. ਸੋਨੇ ਦਾ ਡੱਬਾ, ਜ਼ੇਵਰ (jewellery) ਨਾਲ ਭਰਕੇ

13. ਕਿਸਾਨ ਨੇ ਤਾਲਾ ਕਿਉਂ ਤੋੜਿਆ ?

A. ਸੋਨਾ ਚੋਰੀ ਕਰਨ ਲਈ
B. ਸੋਨਾ ਸੁਰਖਿਅਤ ਰੱਖਣ ਲਈ
C. ਆਪਣਾ ਸ਼ੱਕ ਦੂਰ ਕਰਨ ਲਈ
D. ਆਪਣਾ ਸੋਨਾ ਉਸ ਵਿੱਚ ਰੱਖਣ ਲਈ

14. ਵਪਾਰੀ ਨੂੰ ਘੋੜਾ ਮੰਗਣ ਦੀ ਲੋੜ ਕਿਉਂ ਪਈ ?

A. ਸ਼ਹਿਰ ਜਾਣ ਲਈ
B. ਨਦੀ ਤੇ ਜਾਣ ਲਈ
C. ਘੋੜਾ ਚੁਰਾਉਣ ਲਈ
D. ਬੱਚੇ ਨੂੰ ਨਦੀ ਤੇ ਲਿਜਾਣ ਲਈ

15. ਵਪਾਰੀ ਬੱਚੇ ਨੂੰ ਕਿੱਥੇ ਲੈ ਗਿਆ ?

A. ਖੂਹ ਤੇ
B. ਨਦੀ ਤੇ
C. ਖੇਤਾਂ ਵਿੱਚ
D. ਸ਼ਹਿਰ ਵਿੱਚ

**OVER**

**THIS PAGE INTENTIONALLY BLANK**

**INSTRUCTIONS:** Answer question 2 in **English**. Your answers must be based on the passage on page 4. Complete sentences are not required.

2. a) How does the farmer take advantage of the merchant? **(1 mark)**

   ______________________________

   ______________________________

   b) How does the farmer realize his mistake? **(1 mark)**

   ______________________________

   ______________________________

   ______________________________

   c) What is the moral of this story? **(1 mark)**

   ______________________________

   ______________________________

   d) According to you, what is the best title for this story? Explain. **(2 marks)**

   Title: ______________________________

   Explanation: ______________________________

   ______________________________

**OVER**

## SECTION 4: FICTION (DRAMA)

**Value: 10 marks** **Suggested Time: 15 minutes**

**INSTRUCTIONS:** Read the following drama carefully. For questions 16 to 20, select the **best** answer and record your choice on the Response Form provided.

ਬਲਬੀਰ : ਅੱਜ ਤੂੰ ਸਕੂਲ ਨਹੀਂ ਗਿਆ ?

ਰਾਜ : ਨਹੀਂ, ਅੱਜ ਸਾਡੇ ਸਕੂਲ ਪ੍ਰੋਫੈਸ਼ਨਲ ਡੀਵੈਲਪਮੈਂਟ ਡੇ ਸੀ ।

ਬਲਬੀਰ : ਅੱਛਾ ! ਤਾਹੀਓਂ ਮੈਂ ਕਿਹਾ ਕਿ ਤੂੰ ਅਜੇ ਤਿਆਰ ਕਿਉਂ ਨਹੀਂ ਹੋਇਆ ।

ਰਾਜ : ਹਾਂ, ਉੱਠ ਤਾਂ ਮੈਂ ਸਵੇਰੇ ਹੀ ਗਿਆ ਸੀ ਪਰ ਮੈਂ ਉੱਠ ਕੇ ਸਕੂਲ ਦਾ ਕੰਮ ਕਰਨ ਲੱਗ ਪਿਆ । ਇਥੇ ਕੰਮਪੀਊਟਰ ਤੇ ਹੀ ਤਿੰਨ-ਚਾਰ ਘੰਟੇ ਕਦੋਂ ਲੰਘ ਗਏ ਪਤਾ ਹੀ ਨਹੀਂ ਚਲਿਆ ।

ਬਲਬੀਰ : ਤੂੰ ਹੁਣ ਕਿਹੜੇ ਗਰੇਡ ਵਿੱਚ ਪੜ੍ਹਦਾ ਹੈਂ ?

ਰਾਜ : ਗਿਆਰ੍ਹਵੀਂ ਵਿੱਚ, ਮੈਂ ਇੰਟਰਨੈਸ਼ਨਲ ਬੈਕਲੋਰੀਏਟ ਵੀ ਕਰ ਰਿਹਾ ਹਾਂ ।

ਬਲਬੀਰ : ਉਹ ਕੀ ਹੁੰਦੀ ਹੈ ?

ਰਾਜ : ਇਸਨੂੰ ਛੋਟਾ ਕਰ ਕੇ ਆਈ. ਬੀ. ਵੀ ਕਹਿੰਦੇ ਹਨ । ਇਸ ਪ੍ਰੋਗਰਾਮ ਨੂੰ ਗਿਆਰ੍ਹਵੇਂ ਅਤੇ ਬਾਰ੍ਹਵੇਂ ਗਰੇਡ ਵਿੱਚ ਲਿਆ ਜਾਂਦਾ ਹੈ । ਫਿਰ ਜਦੋਂ ਕਾਲਜ ਜਾਂ ਯੂਨੀਵਰਸਿਟੀ ਜਾਈਏ ਤਾਂ ਪਹਿਲੇ ਸਾਲ ਦੇ 30 ਕਰੈਡਿਟ ਮਿਲ ਜਾਂਦੇ ਹਨ ।

ਬਲਬੀਰ : ਅੱਛਾ ? ਫਿਰ ਤਾਂ ਬਹੁਤ ਜ਼ਿਆਦਾ ਕੰਮ ਕਰਨਾ ਪੈਂਦਾ ਹੋਣਾ ਹੈ । ਬਹੁਤ ਮਿਹਨਤ ਕਰਨੀ ਪੈਂਦੀ ਹੋਣੀ ਹੈ ।

ਰਾਜ : ਹਾਂ, ਕੰਮ ਤਾਂ ਕਾਫ਼ੀ ਹੋ ਜਾਂਦਾ ਹੈ । ਮੈਨੂੰ ਚੰਗਾ ਲੱਗਦਾ ਹੈ ਇਸ ਤਰ੍ਹਾਂ । ਮੇਰਾ ਦੋਸਤ ਸ਼ਾਮ ਵੀ ਇਸ ਪ੍ਰੋਗਰਾਮ ਵਿੱਚ ਹੈ । ਪਰ ਉਸਨੂੰ ਬਹੁਤ ਔਖਾ ਲੱਗਦਾ ਹੈ । ਕਹਿੰਦਾ ਹੈ ਮੈਂ ਅਗਲੇ ਸਾਲ ਆਈ. ਬੀ. ਛੱਡ ਦੇਣੀ ਹੈ ।

ਬਲਬੀਰ : ਕਿਉਂ ? ਹੈ ਤਾਂ ਉਹ ਵੀ ਕਾਫ਼ੀ ਮਿਹਨਤੀ ਤੇ ਹੁਸ਼ਿਆਰ ।

ਰਾਜ : ਹਾਂ, ਹੈ ਤਾਂ, ਪਰ ਉਸਨੂੰ ਹਾਕੀ ਖੇਡਣਾ ਵੀ ਤਾਂ ਬਹੁਤ ਚੰਗਾ ਲੱਗਦਾ ਹੈ । ਇਧਰ ਆਈ. ਬੀ. ਵਿੱਚ ਕੰਮ ਹੀ ਏਨਾ ਹੋ ਜਾਂਦਾ ਹੈ ਕਿ ਉਸਨੂੰ ਹਾਕੀ ਅਤੇ ਹੋਰ ਖੇਡਾਂ ਖੇਡਣ ਲਈ ਸਮਾਂ ਕੱਢਣਾ ਹੀ ਬਹੁਤ ਔਖਾ ਹੋ ਜਾਂਦਾ ਹੈ ।

ਬਲਬੀਰ : ਹਾਂ, ਉਹ ਹਾਕੀ ਨਹੀਂ ਛੱਡ ਸਕਦਾ ।

ਰਾਜ : ਨਹੀਂ, ਇਕੱਲੀ ਹਾਕੀ ਹੀ ਨਹੀਂ ਉਹ ਹੋਰ ਬਹੁਤ ਕੰਮਾਂ ਵਿੱਚ ਭਾਗ ਲੈਂਦਾ ਹੈ । ਫਿਰ ਹਰ ਪਾਸੇ ਆਪਣਾ ਸੌ ਪ੍ਰਤੀਸ਼ਤ ਕਰਨਾ ਬਹੁਤ ਮੁਸ਼ਕਲ ਹੋ ਜਾਂਦਾ ਹੈ । ਇਧਰ ਆਈ. ਬੀ. ਵਿੱਚ ਮੁਕਾਬਲਾ (competition) ਬਹੁਤ ਹੈ । ਹਰ ਅਸਾਈਨਮੈਂਟ ਵਧੀਆ ਤੋਂ ਵਧੀਆ ਕਰਨੀ ਪੈਂਦੀ ਹੈ । ਸ਼ਾਮ ਹਰ ਪਾਸੇ ਪਹਿਲੇ ਨੰਬਰ ਤੇ ਆਉਣ ਦੀ ਕੋਸ਼ਿਸ਼ ਕਰਦਾ ਹੈ ਅਤੇ ਅੱਜਕੱਲ ਬਹੁਤ ਤਨਾਅਪੂਰਨ (stressful) ਰਹਿੰਦਾ ਹੈ ।

ਬਲਬੀਰ : ਹਾਂ, ਇਹ ਤਾਂ ਹੈ । ਜ਼ਿੰਦਗੀ ਵਿੱਚ ਕੋਈ ਕੋਈ ਚੋਣ ਬਹੁਤ ਸੋਚ ਸਮਝਕੇ ਕਰਨੀ ਪੈਂਦੀ ਹੈ । ਤੁਸੀਂ ਕਿਹੜਾ ਕੰਮ ਕਰਨਾ ਹੈ ਅਤੇ ਕਿਵੇਂ ਕਰਨਾ ਹੈ । ਕਦੀ ਕਦੀ ਆਪਣਾ ਚੁਣਿਆ ਹੋਇਆ ਕੰਮ ਕਰਨ ਲਈ ਦੂਜੇ ਕੰਮਾਂ ਵਲੋਂ ਥੋੜ੍ਹਾ ਹੱਟਣਾ ਵੀ ਪੈਂਦਾ ਹੈ । ਪਤਾ ਹੋਣਾ ਚਾਹੀਦਾ ਹੈ ਕਿ ਤੁਸੀਂ ਪਹਿਲ (priority) ਕਿਸ ਕੰਮ ਨੂੰ ਦੇਣੀ ਹੈ ।

16. ਰਾਜ ਸਕੂਲ ਕਿਉਂ ਨਹੀਂ ਗਿਆ ?

A. ਰਾਜ ਬੀਮਾਰ ਹੈ ।
B. ਅੱਜ ਐਤਵਾਰ ਹੈ ।
C. ਸਕੂਲ ਵਿੱਚ ਹੜਤਾਲ ਹੈ ।
D. ਸਕੂਲ ਵਿੱਚ ਪ੍ਰੋਫੈਸ਼ਨਲ ਡੀਵੈਲਪਮੈਂਟ ਡੇ ਹੈ ।

17. ਰਾਜ ਨੇ ਸਵੇਰੇ ਉੱਠ ਕੇ ਕੀ ਕੰਮ ਕੀਤਾ ?

A. ਹਾਕੀ ਖੇਡੀ
B. ਸਕੂਲ ਦਾ ਕੰਮ ਕੀਤਾ
C. ਮੰਮੀ ਦੀ ਮਦਦ ਕੀਤੀ
D. ਕੰਮਪੀਊਟਰ ਤੇ ਖੇਡਾਂ ਖੇਡੀਆਂ

18. ਰਾਜ ਕਿਹੜੇ ਗਰੇਡ ਵਿੱਚ ਪੜ੍ਹਦਾ ਹੈ ?

A. ਨੌਂਵੀ
B. ਦਸਵੀਂ
C. ਗਿਆਰ੍ਹਵੀਂ
D. ਬਾਰ੍ਹਵੀਂ

19. ਸ਼ਾਮ ਕੌਣ ਹੈ ?

A. ਰਾਜ ਦਾ ਭਰਾ
B. ਰਾਜ ਦਾ ਦੋਸਤ
C. ਬਲਬੀਰ ਦਾ ਭਰਾ
D. ਬਲਬੀਰ ਦਾ ਦੋਸਤ

20. ਸ਼ਾਮ ਆਈ. ਬੀ. ਛੱਡਣਾ ਚਾਹੁੰਦਾ ਹੈ ਕਿਉਂਕਿ :

A. ਉਹ ਏਨਾ ਮਿਹਨਤੀ ਨਹੀਂ ਹੈ ।
B. ਉਹ ਏਨਾ ਹੁਸ਼ਿਆਰ ਨਹੀਂ ਹੈ ।
C. ਉਸਨੂੰ ਆਈ. ਬੀ. ਪਸੰਦ ਨਹੀਂ ਹੈ ।
D. ਉਹ ਆਪਣੇ ਐਕਸਟਰਾ ਕਰੀਕੂਲਰ ਕੰਮ ਨਹੀਂ ਛੱਡਣੇ ਚਾਹੁੰਦਾ ।

**OVER**

**THIS PAGE INTENTIONALLY BLANK**

**INSTRUCTIONS:** Answer question 3 in **Punjabi**. Your answers must be based on the drama on page 8. Complete sentences are not required.

3. a) ਇਸ ਡਰਾਮੇ ਅਨੁਸਾਰ ਆਈ. ਬੀ. ਕੀ ਹੁੰਦੀ ਹੈ ? **(1 mark)**

b) ਆਈ. ਬੀ. ਕਰਨ ਦਾ ਕੋਈ ਇੱਕ ਫਾਇਦਾ ਲਿਖੋ । **(1 mark)**

c) ਹਰੇਕ ਕੰਮ ਵਿੱਚ ਪਹਿਲੇ ਨੰਬਰ ਤੇ ਆਉਣ ਦੀ ਕੋਸ਼ਿਸ਼ ਕਰਨ ਦਾ ਸ਼ਾਮ ਤੇ ਕੀ ਅਸਰ ਪਿਆ ਹੈ ? **(1 mark)**

d) ਡਰਾਮੇ ਅਨੁਸਾਰ ਜ਼ਿੰਦਗੀ ਵਿੱਚ ਚੰਗੀਆਂ ਚੋਣਾਂ ਕਰਨ ਬਾਰੇ ਕੀ ਸੁਝਾਅ ਦਿੱਤੇ ਗਏ ਹਨ ?
ਕੋਈ ਦੋ ਸੁਝਾਅ ਦਿਉ । **(2 marks)**

**OVER**

## PART C: INFORMATIONAL COMMUNICATION
## SECTION 5: NON-FICTION (JOURNALISTIC PROSE)

**Value: 10 marks** **Suggested Time: 20 minutes**

**INSTRUCTIONS:** Read the following article carefully. For questions 21 to 25, select the **best** answer and record your choice on the Response Form provided.

# ਪਤੰਗ ਉਡਾਉਣੀ ਅੰਮ੍ਰਿਤਸਰ ਤੋਂ ਅੰਤਰ-ਰਾਸ਼ਟਰੀ (international) ਪੱਧਰ ਤੇ ਪਹੁੰਚੀ

**ਚੰਡੀਗੜ੍ਹ :** "ਪਤੰਗ ਉਡਾਣੀ ਤਾਂ ਸਾਡੇ ਖੂਨ ਦੀ ਇੱਕ ਇੱਕ ਬੂੰਦ ਵਿੱਚ ਹੈ।" ਅੰਤਰ-ਰਾਸ਼ਟਰੀ ਪਤੰਗ ਉਡਾਉਣ ਦੇ ਪੰਜਾਬੀ ਚੈਮਪੀਅਨ ਦਾ ਕਹਿਣਾ ਹੈ। ਬਸੰਤ ਦੇ ਮੌਕੇ ਤੇ ਇੰਡੀਆ ਦੀ ਵਾਤਾਵਰਨ (environment) ਸੋਸਾਇਟੀ ਵਲੋਂ ਆਯੋਜਿਤ (organized) ਕੀਤੇ ਪ੍ਰੋਗਰਾਮ ਸਮੇਂ ਅੰਮ੍ਰਿਤਸਰ ਤੋਂ ਆਏ ਜਸਵੰਤ ਸਿੰਘ ਨੂੰ ਸਨਮਾਨਿਤ (recognize) ਕੀਤਾ ਗਿਆ।

ਖਾਲਸਾ ਕਾਲਜ , ਅੰਮ੍ਰਿਤਸਰ ਦੇ ਇਸ ਕਰਮਚਾਰੀ ਦਾ ਪਤੰਗ ਉਡਾਉਣਾ ਇੱਕ ਸ਼ੋਂਕ (hobby) ਹੈ। ਉਹ ਕੇਵਲ ਪਤੰਗਾਂ ਉਡਾਉਣ ਦਾ ਹੀ ਮਾਹਿਰ ਨਹੀ ਹੈ ਬਲਕਿ ਪਤੰਗਾਂ ਬਣਾਉਣ ਦਾ ਵੀ ਮਾਹਿਰ ਹੈ। ਉਸਨੇ ਕਈ ਪ੍ਰਕਾਰ ਦੀਆਂ ਪਤੰਗਾਂ ਬਣਾਈਆਂ ਹਨ: ਡੱਬਾ ਪਤੰਗ, ਸੱਪ ਪਤੰਗ, ਮੱਛੀ ਪਤੰਗ ਅਤੇ ਹਵਾਈ ਜਹਾਜ਼ ਪਤੰਗ ਕੁੱਝ ਕੁ ਵਰਨਣਯੋਗ (mentionable) ਹਨ।

ਜਸਵੰਤ ਸਿੰਘ ਨੂੰ ਪਤੰਗਾਂ ਬਣਾਉਣ ਦਾ ਸ਼ੌਕ ਬਚਪਨ ਤੋਂ ਹੀ ਹੈ। ਉਹ 1954 ਤੋਂ ਕਿਲ੍ਹਾ ਕਾਈਟ ਕਲੱਬ, ਅੰਮ੍ਰਿਤਸਰ ਦਾ ਮੈਂਬਰ ਹੈ। ਉਸਦੀ ਹਿੰਮਤ ਦਾ ਸਦਕਾ ਕਲੱਬ ਨੇ ਅੱਜ ਅੰਤਰ-ਰਾਸ਼ਟਰੀ ਪੱਧਰ ਤੇ ਨਾਮ ਕਮਾ ਲਿਆ ਹੈ। ਜਸਵੰਤ ਸਿੰਘ ਨੇ ਇਹ ਸਿਖਿਆ ਉਸਤਾਦ (coach) ਮੋਹਨ ਲਾਲ ਲਾਹੌਰੀਆ, ਜੋ ਲਾਹੌਰ ਦਾ ਮਸ਼ਹੂਰ ਪਤੰਗ ਉਡਾਉਣ ਦਾ ਉਸਤਾਦ ਸੀ, ਕੋਲੋਂ ਪ੍ਰਾਪਤ ਕੀਤੀ। "ਸਾਡਾ ਕਲੱਬ ਓਨੀ ਦੇਰ ਪਤੰਗ ਉਡਾਉਣ ਵਾਲਿਆਂ ਨੂੰ ਮੈਂਬਰ ਨਹੀਂ ਬਣਾਉਂਦਾ ਜਦ ਤੱਕ ਉਨ੍ਹਾਂ ਨੇ ਕੋਈ ਉਸਤਾਦ ਧਾਰਨ ਨਾ ਕੀਤਾ ਹੋਵੇ," ਜਸਵੰਤ ਸਿੰਘ ਨੇ ਕਿਹਾ।

ਚੰਡੀਗੜ੍ਹ ਪਤੰਗ ਉਡਾਉਣ ਦੇ ਵਾਤਾਵਰਨ ਤੋਂ ਨਿਰਾਸ਼ ਹੋ ਕੇ ਉਸਨੇ ਕਿਹਾ, "ਇਥੇ ਤਾਂ ਕਿਸੇ ਨੂੰ ਪਤੰਗ ਉਡਾਉਣ ਬਾਰੇ ਕੁਝ ਪਤਾ ਹੀ ਨਹੀਂ, ਨਾ ਹੀ ਉਡਾਉਣ ਵਾਲਿਆਂ ਨੂੰ ਅਤੇ ਨਾ ਹੀ ਆਰਗੇਨਾਈਜ਼ਰਜ਼ ਨੂੰ। ਪਤੰਗ ਉਡਾਉਣ ਦੇ ਕਈ ਅਸੂਲ (rules) ਹੁੰਦੇ ਹਨ। ਪਰ ਚੰਡੀਗੜ੍ਹ ਦੇ ਆਰਗੇਨਾਈਜ਼ਰਜ਼ ਨੂੰ ਤਾਂ ਇਨ੍ਹਾਂ ਬਾਰੇ ਕੋਈ ਗਿਆਨ (knowledge) ਹੀ ਨਹੀਂ ਹੈ।"

ਜਸਵੰਤ ਸਿੰਘ ਨੂੰ ਸੂਬਾਈ (provincial) ਅਤੇ ਕੇਂਦਰੀ (central) ਸਰਕਾਰ ਵਲੋਂ ਸਪੌਂਸਰਸ਼ਿਪ ਨਾ ਮਿਲਣ ਦੇ ਬਾਵਜੂਦ ਵੀ ਉਸਨੇ ਕਈ ਇਨਾਮ ਜਿੱਤੇ ਹਨ। ਜਸਵੰਤ ਸਿੰਘ ਨੇ ਦੋ ਅੰਤਰ-ਰਾਸ਼ਟਰੀ ਮੁਕਾਬਲਿਆਂ, ਕਾਬਲ ਵਿੱਚ 1981 ਅਤੇ ਪਾਕਿਸਤਾਨ ਵਿੱਚ 1993, ਵਿੱਚ ਭਾਗ ਲਿਆ। ਇਨ੍ਹਾਂ ਤੋਂ ਇਲਾਵਾ ਉਸਨੇ ਇੰਡੀਆ ਵਿੱਚ ਹੋਏ ਕਈ ਮੁਕਾਬਲਿਆਂ ਵਿੱਚ ਵੀ ਹਿੱਸਾ ਲਿਆ। ਇਸਦਾ ਨਾਮ ਸਿੰਘਾਪੁਰ, ਜਪਾਨ ਅਤੇ ਹੋਰ ਕਈ ਦੇਸ਼ਾਂ ਦੇ ਕਾਈਟ ਫਲਾਇੰਗ ਕਲੱਬਾਂ ਵਿੱਚ ਪ੍ਰਸਿਧ ਹੈ। ਜਸਵੰਤ ਸਿੰਘ ਕੋਲ ਕਈ ਤਰ੍ਹਾਂ ਦੇ ਵਿਦੇਸ਼ੀ (imported) ਪਤੰਗ ਹਨ। "ਮੇਰੇ ਘਰ ਦਾ ਗੇਟ ਵੀ ਪਤੰਗ ਦੇ ਆਕਾਰ (shape) ਦਾ ਹੀ ਹੈ," ਉਹ ਅਕਸਰ ਮੁਸਕਰਾਉਂਦਾ ਹੋਇਆ ਬੜੇ ਮਾਣ ਨਾਲ ਕਹਿੰਦਾ ਹੈ।

*The Link.* February 19, 2000

21. ਇਹ ਖ਼ਬਰ ਕਿੱਥੋਂ ਪ੍ਰਕਾਸ਼ਿਤ ਹੋਈ ਹੈ ?

A. ਲਾਹੌਰ
B. ਕਾਬਲ
C. ਚੰਡੀਗੜ੍ਹ
D. ਅੰਮ੍ਰਿਤਸਰ

22. ਜਸਵੰਤ ਸਿੰਘ ਕਿਸ ਮੌਕੇ ਤੇ ਬੋਲ ਰਹੇ ਸਨ ?

A. ਬਸੰਤ
B. ਰੱਖੜੀ
C. ਵਿਸਾਖੀ
D. ਦਿਵਾਲੀ

23. ਇਸ ਪ੍ਰੋਗਰਾਮ ਨੂੰ ਕਿਸ ਨੇ ਆਯੋਜਿਤ ਕੀਤਾ ?

A. ਜਪਾਨ ਕਾਈਟ ਕਲੱਬ ਨੇ
B. ਸਿੰਘਾਪੁਰ ਕਾਈਟ ਕਲੱਬ ਨੇ
C. ਖਾਲਸਾ ਕਲੱਬ ਅੰਮ੍ਰਿਤਸਰ ਨੇ
D. ਇੰਡੀਆ ਦੀ ਵਾਤਾਵਰਨ ਸੋਸਾਇਟੀ ਨੇ

24. ਜਸਵੰਤ ਸਿੰਘ ਕਿੱਥੇ ਕੰਮ ਕਰਦਾ ਹੈ ?

A. ਲਾਹੌਰ
B. ਜਾਪਾਨ
C. ਸਿੰਘਾਪੁਰ
D. ਅੰਮ੍ਰਿਤਸਰ

25. ਜਸਵੰਤ ਸਿੰਘ ਚੰਡੀਗੜ੍ਹ ਦੇ ਪਤੰਗ ਉਡਾਉਣ ਦੇ ਮੁਕਾਬਲਿਆਂ ਤੋਂ ਨਿਰਾਸ਼ ਸੀ ਕਿਉਂਕਿ ਉਥੇ :

A. ਗਰਮੀ ਬਹੁਤ ਸੀ ।
B. ਪਤੰਗ ਬਹੁਤ ਮਹਿੰਗੇ ਸਨ ।
C. ਪਤੰਗ ਉਡਾਉਣ ਲਈ ਜਗ੍ਹਾ ਬਹੁਤ ਥੋੜੀ ਸੀ ।
D. ਆਰਗੇਨਾਈਜ਼ਰਜ਼ ਨੂੰ ਅਸੂਲਾਂ ਬਾਰੇ ਜਾਣਕਾਰੀ ਨਹੀਂ ਸੀ।

**OVER**

**THIS PAGE INTENTIONALLY BLANK**

| | |
|---|---|
| **INSTRUCTIONS:** | Answer question 4 in **Punjabi**. Your answers must be based on the article on page 12. Complete sentences are not required. |

4. a) ਜਸਵੰਤ ਸਿੰਘ ਨੂੰ ਕਿਉਂ ਸਨਮਾਨਿਤ ਕੀਤਾ ਜਾ ਰਿਹਾ ਹੈ ? **(1 mark)**

______________________________________________

______________________________________________

b) ਜਸਵੰਤ ਸਿੰਘ ਕਿਸ ਕਲੱਬ ਦਾ ਮੈਂਬਰ ਹੈ ? **(1 mark)**

______________________________________________

______________________________________________

c) ਜਸਵੰਤ ਸਿੰਘ ਦਾ ਉਸਤਾਦ ਕੌਣ ਸੀ ? **(1 mark)**

______________________________________________

______________________________________________

d) ਉਸਨੂੰ ਉਸਤਾਦ ਦੀ ਲੋੜ ਕਿਉਂ ਪਈ ? **(1 mark)**

______________________________________________

______________________________________________

e) ਜਸਵੰਤ ਸਿੰਘ ਨੇ ਕਿਹੜੇ ਕਿਹੜੇ ਅੰਤਰ-ਰਾਸ਼ਟਰੀ ਮੁਕਾਬਲਿਆਂ ਵਿੱਚ ਹਿੱਸਾ ਲਿਆ ਹੈ ? **(1 mark)**

______________________________________________

______________________________________________

**OVER**

**SECTION 6: NON-FICTION (AUTHENTIC DOCUMENTS)**

**Value: 10 marks** **Suggested Time: 20 minutes**

| **INSTRUCTIONS:** | Read the following information carefully. For questions 26 to 30, select the **best** answer and record your choice on the Response Form provided. |
|---|---|

# ਮਨਪ੍ਰੀਤ ਟੈਕਸ ਐਂਡ ਅਕਾਊਂਟਿੰਗ ਏਜੰਸੀਜ਼ ਲਿਮਿਟਿਡ
# 11729 ਏਅਰਮੈਨ ਰੋਡ, ਕਿਨੌਰ, ਬੀ. ਸੀ.

ਟੈਕਸ ਐਂਡ ਅਕਾਊਂਟਿੰਗ ਵਿੱਚ ਵੀਹ ਸਾਲ ਦਾ ਤਜਰਬਾ ਹੈ ।

ਹਰ ਤਰ੍ਹਾਂ ਦੇ ਕਾਰੋਬਾਰ ਲਈ ਅਕਾਊਂਟਿੰਗ, ਬੁੱਕ-ਕੀਪਿੰਗ, ਤਨਖਾਹ ਦੇਣੀ, ਟਾਈਪ ਕਰਨਾ, ਨਵੀਂਆਂ ਕੰਪਨੀਆਂ ਬਣਾਉਣ ਲਈ **ਭਰੋਸੇਯੋਗ ਕੰਮਪੀਊਟਰਾਈਜ਼ਡ ਸੇਵਾਵਾਂ**

- ਅਸੀਂ ਸੱਤੇ ਦਿਨ ਖੁੱਲ੍ਹੇ ਰਹਿੰਦੇ ਹਾਂ ।
- ਕਿਸੇ ਅਪਾਇੰਟਮੇਂਟ ਦੀ ਜ਼ਰੂਰਤ ਨਹੀਂ । ਚਲੇ ਆਓ ।
- ਸਾਡੀ ਫੀਸ ਸਾਰਿਆਂ ਨਾਲੋਂ ਘੱਟ ਹੈ ।
- ਇਨਕਮ ਟੈਕਸ ਕਟੌਤੀ (rebate) ਲਈ ਮਨਜ਼ੂਰਸ਼ੁਦਾ ਹੈ ।
- ਅਸੀਂ ਪੰਜਾਬੀ, ਉਰਦੂ, ਹਿੰਦੀ ਅਤੇ ਇੰਗਲਿਸ਼ ਵਿੱਚ ਸੇਵਾਵਾਂ ਦਿੰਦੇ ਹਾਂ ।

ਹੋਰ ਜਾਣਕਾਰੀ ਲਈ ਮਨਪ੍ਰੀਤ ਸਿੰਘ ਮੋਰੋ ਜਾਂ ਪਰਮਜੀਤ ਸਿੱਕਾ ਨਾਲ ਸੰਪਰਕ ਕਰੋ :

**ਟੈਲੀਫੋਨ** : (708)-555-2756

**ਫੈਕਸ** : (708)-555-2766

**"ਸਾਰਿਆਂ ਨੂੰ ਸਾਡੇ ਵੱਲੋਂ ਦਿਵਾਲੀ ਦੀ ਬਹੁਤ ਬਹੁਤ ਵਧਾਈ ਹੋਵੇ ।"**

26. ਇਹਨਾਂ ਨੂੰ ਕਿੰਨੇ ਸਾਲ ਦਾ ਤਜਰਬਾ ਹੈ ?

A. 10 ਸਾਲ
B. 20 ਸਾਲ
C. 30 ਸਾਲ
D. 40 ਸਾਲ

27. ਇਹ ਏਜੰਸੀ ਕਿਸ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ ?

A. ਟਾਈਪਿੰਗ ਤੇ ਬੁੱਕ ਕੀਪਿੰਗ
B. ਕੰਮਪੀਊਟਰ ਖਰੀਦਣੇ ਤੇ ਵੇਚਣੇ
C. ਵਕਾਲਤ ਅਤੇ ਜਸਟਿਸ ਆਫ਼ ਪੀਸ
D. ਤਨਖਾਹ ਦੇ ਅਕਾਊਂਟ ਅਤੇ ਟੀਚਿੰਗ

28. ਇਹ ਏਜੰਸੀ ਕਿਹੜੇ ਦਿਨ ਬੰਦ ਹੁੰਦੀ ਹੈ ?

A. ਐਤਵਾਰ
B. ਐਤਵਾਰ ਅਤੇ ਸੋਮਵਾਰ
C. ਸਨਿਚਰਵਾਰ ਅਤੇ ਐਤਵਾਰ
D. ਕਿਸੇ ਦਿਨ ਵੀ ਬੰਦ ਨਹੀਂ ਹੁੰਦੀ

29. ਇਹ ਇਸ਼ਤਿਹਾਰ ਕਿਸ ਮੌਕੇ ਤੇ ਦਿੱਤਾ ਗਿਆ ?

A. ਵਿਸਾਖੀ
B. ਦਿਵਾਲੀ
C. ਕ੍ਰਿਸਮਿਸ
D. ਕਨੇਡਾ ਡੇ

30. ਇੱਥੇ ਦਫ਼ਤਰ ਵਿੱਚ ਕੌਣ ਕੌਣ ਕੰਮ ਕਰਦੇ ਹਨ ?

A. ਹਰਪ੍ਰੀਤ ਅਤੇ ਜਸਪ੍ਰੀਤ
B. ਮਨਪ੍ਰੀਤ ਤੇ ਪਰਮਜੀਤ
C. ਪਰਮਜੀਤ ਅਤੇ ਕੁਲਜੀਤ
D. ਮਨਪ੍ਰੀਤ ਅਤੇ ਜਸਮਿੰਦਰ

**OVER**

**INSTRUCTIONS:** Answer question 5 in **Punjabi**. Your answers must be based on the information below. Complete sentences are not required.

# ਗਿੱਲ ਐਂਡ ਅਸੋਸੀਏਟਸ

**ਵਕੀਲ ਜੋ ਤੁਹਾਡੀਆਂ ਸਾਰੀਆਂ ਕਾਨੂੰਨੀ ਲੋੜਾਂ ਪੂਰੀਆਂ ਕਰਦੇ ਹਨ !**

ਅਸੀਂ ਹਰਮਨ ਮਾਹਲ ਵਲੋਂ ਕਮਿਊਨਿਟੀ ਨੂੰ ਉੱਚ ਪੱਧਰੀਆਂ ਸੇਵਾਵਾਂ ਪ੍ਰਦਾਨ ਕਰਨ ਦੀ ਸੱਤਵੀਂ ਵਰ੍ਹੇਗੰਢ (anniversary) ਮਨਾਉਂਦੇ ਹੋਏ ਵੈਨਕੂਵਰ ਸ਼ਹਿਰ ਵਿੱਚ ਲਾਅ ਆਫ਼ਿਸ ਦੀ ਇੱਕ ਹੋਰ ਬਰਾਂਚ ਦਾ ਉਦਘਾਟਨ (opening ceremony) ਕਰਨ ਜਾ ਰਹੇ ਹਾਂ ।

ਅਸੀਂ ਹਰ ਪ੍ਰਕਾਰ ਦੇ ਕਾਨੂੰਨੀ ਕੇਸਾਂ ਲਈ ਕੰਮ ਕਰਦੇ ਹਾਂ :

- ਇਮੀਗਰੇਸ਼ਨ
  (ਅਪੀਲ, ਪਰਵਾਰਿਕ, ਸਪੌਂਸਰ, ਬਿਜ਼ਨਸ, ਰਫਿਊਜੀ, ਸਿਟੀਜ਼ਨਸ਼ਿਪ)
- ਆਈ. ਸੀ. ਬੀ. ਸੀ. ਅਤੇ ਨਿੱਜੀ ਚੋਟਾਂ
- ਪਰਿਵਾਰਕ ਕਾਨੂੰਨ (ਤਲਾਕ ਅਤੇ ਅਲਹਿਦਗੀ separation)
- ਕ੍ਰਿਮੀਨਲ ਲਾਅ
- ਕਾਰਪੋਰੇਟ ਤੇ ਕਮਰਸ਼ੀਅਲ
- ਵਸੀਅਤ ਤੇ ਜਾਇਦਾਦ ਸਬੰਧੀ
- ਕਈ ਇਮੀਗਰੇਸ਼ਨ ਕੇਸਾਂ ਵਿੱਚ ਜੇ ਪੂਰੀ ਕਾਮਯਾਬੀ ਨਾ ਹੋਵੇ ਤਾਂ ਅਸੀਂ 100 ਫੀ ਸਦੀ ਫੀਸ ਮੋੜਨ ਲਈ ਵਚਨਬੱਧ ਹਾਂ ।
- ਕਈ ਸਿਵਲ ਕੇਸਾਂ ਵਿੱਚ ਅਸੀਂ ਉਦੋਂ ਤੱਕ ਤੁਹਾਡੇ ਕੋਲੋਂ ਪੈਸੇ ਨਹੀਂ ਲੈਂਦੇ ਜਦੋਂ ਤੱਕ ਤੁਹਾਨੂੰ ਮੁਆਵਜ਼ਾ (compensation) ਮਿਲ ਨਹੀਂ ਜਾਂਦਾ ।
- ਸੇਵਾਵਾਂ ਪੰਜਾਬੀ, ਹਿੰਦੀ ਅਤੇ ਇੰਗਲਿਸ਼ ਵਿੱਚ ਦਿੱਤੀਆਂ ਜਾਂਦੀਆਂ ਹਨ ।

**ਪਹਿਲੀ ਮਿਲਣੀ ਮੁਫ਼ਤ ਹੈ ।**

---

**ਵੈਨਕੂਵਰ**
3453 ਵਾਰਿੰਗਡਨ ਰੋਡ,
ਫੋਨ: 604-555-2222

**ਸਰੀ**
8954-120th ਸਟਰੀਟ
ਫੋਨ : 604-555-4444

5. a) ਗਿੱਲ ਐਂਡ ਅਸੋਸੀਏਟਸ ਆਪਣੀ ਸੱਤਵੀਂ ਵਰ੍ਹੇਗੰਢ ਕਿਸ ਤਰ੍ਹਾਂ ਮਨਾ ਰਹੇ ਹਨ ? **(1 mark)**

______________________________________________

______________________________________________

b) ਗਿੱਲ ਐਂਡ ਅਸੋਸੀਏਟਸ ਦੇ ਵੈਨਕੂਵਰ ਵਿੱਚ ਕਿੰਨੇ ਦਫ਼ਤਰ ਹੋ ਜਾਣਗੇ ? **(1 mark)**

______________________________________________

______________________________________________

c) ਗਿੱਲ ਐਂਡ ਅਸੋਸੀਏਟਸ ਸਿਵਲ ਕੇਸਾਂ ਵਿੱਚ ਕਿਵੇਂ ਮਦਦ ਕਰਦੇ ਹਨ ? **(1 mark)**

______________________________________________

______________________________________________

d) ਇਹ ਪਹਿਲੀ ਮਿਲਣੀ ਦੀ ਕਿੰਨੀ ਫੀਸ ਲੈਂਦੇ ਹਨ ? **(1 mark)**

______________________________________________

______________________________________________

e) ਇਨ੍ਹਾਂ ਦੇ ਦਫ਼ਤਰ ਕਿੱਥੇ ਕਿੱਥੇ ਹਨ ? **(1 mark)**

______________________________________________

______________________________________________

**OVER**

## PART D: INTERPERSONAL COMMUNICATION – WRITTEN EXPRESSION

## SECTION 7: DIALOGUE COMPLETION

**Value: 10 marks** **Suggested Time: 10 minutes**

**INSTRUCTIONS:** Using approximately 60 words, complete the following dialogue in **Punjabi**. Avoid repetition and lists. Marks will be awarded for content and for grammatical correctness.

6. ਜਸਵੀਰ ਸਿੰਘ : ਮੈਂ ਚਾਹੁੰਦਾ ਸਾਂ ਕਿ ਆਪਾਂ ਇਕੱਠੇ ਕਦੀ ਚਾਹ ਪੀਣ ਜਾਈਏ । ਮੈਂ ਗਰਮੀਆਂ ਦੀਆਂ ਛੁੱਟੀਆਂ ਵਿੱਚ ਕਿਸੇ ਸੁਪਰ ਸਟੋਰ ਤੇ ਕੰਮ ਕਰਨਾ ਚਾਹੁੰਦਾ ਹਾਂ । ਮੈਂ ਸੋਚਿਆ ਕਿ ਤੁਹਾਡੇ ਤੋਂ ਪੁੱਛਾਂ ਕਿ ਇੰਟਰਵਿਊ ਲਈ ਕੀ ਤਿਆਰੀ ਕਰਨੀ ਚਾਹੀਦੀ ਹੈ ।

ਮਨਜੀਤ ਕੌਰ : ਤੁਸੀਂ ਕਿਸ ਤਰ੍ਹਾਂ ਦੇ ਕੰਮ ਲਈ ਅਪਲਾਈ ਕੀਤਾ ਹੈ ? **(10 marks)**

ਜਸਵੀਰ ਸਿੰਘ : ______________________________

______________________________

ਮਨਜੀਤ ਕੌਰ : ______________________________

______________________________

ਜਸਵੀਰ ਸਿੰਘ : ______________________________

______________________________

ਮਨਜੀਤ ਕੌਰ : ______________________________

______________________________

ਜਸਵੀਰ ਸਿੰਘ : ______________________________

______________________________

ਮਨਜੀਤ ਕੌਰ : ______________________________

______________________________

## SECTION 8: LETTER

**Value: 10 marks** **Suggested Time: 10 minutes**

| | |
|---|---|
| **INSTRUCTIONS:** | Write a short letter in **Punjabi**, using approximately 60 words, on the topic given below. Avoid repetition and lists. Marks will be awarded for content and for grammatical correctness. |

7. Write a short letter to invite a relative to attend your graduation ceremony. Tell your relative the date, location and time of the ceremony. As well, say why it is important for him or her to attend this ceremony. **(10 marks)**

**Note:** The letter should include appropriate salutation and closing phrases.
Students must avoid identifying themselves, their schools, or school districts.

**OVER**

## SECTION 9: MAP DIRECTIONS

**Value: 10 marks** **Suggested Time: 10 minutes**

**INSTRUCTIONS:** In complete **Punjabi** sentences, using approximately 60 words, respond to the topic given below. Avoid repetition and lists. Marks will be awarded for content and for grammatical correctness.

8. Jiwan is going to walk to school today. He is going to attend his computer class at 9:15 a.m. and physical education class, in the gym, at 10:15 a.m. After that, he is going to have pizza in the school cafeteria. Describe the route he will take as well as the rooms and some of the other places he will pass by. **(10 marks)**




**END OF EXAMINATION**